# Joint Press Statement - Meeting of External Affairs Minister and the Foreign Minister of China (September 10, 2020)

September 10, 2020

## ਸਾਂਝਾ ਪ੍ਰੈਸ ਬਿਆਨ - ਵਿਦੇਸ਼ ਮੰਤਰੀ ਅਤੇ ਚੀਨੀ ਵਿਦੇਸ਼ ਮੰਤਰੀ ਦੀ ਬੈਠਕ (10 ਸਤੰਬਰ, 2020)

10 ਸਤੰਬਰ, 2020

ਭਾਰਤੀ ਵਿਦੇਸ਼ ਮੰਤਰੀ ਮਹਾਮਹਿਮ ਡਾ. ਐਸ. ਜੈਸ਼ੰਕਰ ਨੇ 10 ਸਤੰਬਰ ਨੂੰ ਮਾਸਕੋ ਵਿਚ ਹੋਈ ਸ਼ੰਘਾਈ ਸਹਿਕਾਰਤਾ ਸੰਗਠਨ (SCO) ਦੀ ਬੈਠਕ ਦੇ ਹਾਸ਼ੀਏ 'ਤੇ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਮਹਾਮਹਿਮ ਵੈਂਗ ਯੀ ਨਾਲ ਮੁਲਾਕਾਤ ਕੀਤੀ। ਦੋਵਾਂ ਮੰਤਰੀਆਂ ਨੇ ਭਾਰਤ-ਚੀਨ ਸਰਹੱਦੀ ਖੇਤਰਾਂ ਵਿਚ ਹੋਏ ਘਟਨਾਕ੍ਰਮ ਦੇ ਨਾਲ-ਨਾਲ ਭਾਰਤ-ਚੀਨ ਸਬੰਧਾਂ ਬਾਰੇ ਖੁੱਲ ਕੇ, ਉਸਾਰੂ ਵਿਚਾਰ ਵਟਾਂਦਰੇ ਕੀਤੇ ਅਤੇ ਹੇਠ ਦਿੱਤੀਆਂ ਗੱਲਾਂ ਉੱਤੇ ਸਹਿਮਤੀ ਪ੍ਰਗਟਾਈ:

1. ਦੋਨਾਂ ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਦੋਵਾਂ ਧਿਰਾਂ ਨੂੰ ਭਾਰਤ-ਚੀਨ ਸਬੰਧਾਂ ਦਾ ਵਿਕਾਸ ਕਰਨ ਲਈ ਆਗੂਆਂ ਦਰਮਿਆਨ ਹੋਈ ਸਹਿਮਤੀ ਤੋਂ ਸੇਧ ਲੈਣੀ ਚਾਹੀਦੀ  ਹੈ, ਜਿਸ ਅੰਦਰ ਮਤਭੇਦਾਂ ਨੂੰ ਵਿਵਾਦ ਨਹੀਂ ਬਣਨ ਦੇਣਾ ਵੀ ਸ਼ਾਮਲ ਹੈ।

2. ਦੋਵੇਂ ਵਿਦੇਸ਼ ਮੰਤਰੀ ਇਸ ਗੱਲ 'ਤੇ ਸਹਿਮਤ ਸਨ ਕਿ ਸਰਹੱਦੀ ਖੇਤਰਾਂ ਦੇ ਮੌਜੂਦਾ ਹਾਲਾਤ ਕਿਸੇ ਵੀ ਧਿਰ ਦੇ ਹਿੱਤ ਵਿੱਚ ਨਹੀਂ ਹਨ। ਇਸ ਲਈ ਉਨ੍ਹਾਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਦੋਵਾਂ ਧਿਰਾਂ ਦੀਆਂ ਸਰਹੱਦੀ ਫੌਜਾਂ ਨੂੰ ਗੱਲਬਾਤ ਜਾਰੀ ਰੱਖਣੀ ਚਾਹੀਦੀ ਹੈ, ਜਲਦੀ ਡਿਸਇੰਗੇਜ ਕਰਨਾ ਚਾਹੀਦਾ ਹੈ, ਢੁਕਵਾਂ ਫ਼ਾਸਲਾ ਬਣਾਈ ਰੱਖਣਾ ਚਾਹੀਦਾ ਹੈ ਅਤੇ ਤਣਾਅ ਘੱਟ ਕਰਨਾ ਚਾਹੀਦਾ ਹੈ।

3. ਦੋਵਾਂ ਮੰਤਰੀਆਂ ਨੇ ਇਸ ਗੱਲ 'ਤੇ ਸਹਿਮਤੀ ਦਿੱਤੀ ਕਿ ਦੋਵੇਂ ਧਿਰ ਚੀਨ-ਭਾਰਤ ਸਰਹੱਦੀ ਮਾਮਲਿਆਂ ਬਾਰੇ ਸਾਰੇ ਮੌਜੂਦਾ ਸਮਝੌਤਿਆਂ ਅਤੇ ਪ੍ਰੋਟੋਕੋਲ ਦੀ ਪਾਲਣਾ ਕਰਨਗੇ, ਸਰਹੱਦੀ ਖੇਤਰਾਂ ਵਿਚ ਅਮਨ ਅਤੇ ਸ਼ਾਂਤੀ ਬਣਾਈ ਰੱਖਣਗੇ ਅਤੇ ਅਜਿਹੀ ਕਿਸੇ ਵੀ ਕਾਰਵਾਈ ਤੋਂ ਗੁਰੇਜ਼ ਕਰਨਗੇ, ਜਿਸ ਨਾਲ ਮਸਲੇ ਵਧ ਸਕਦੇ ਹਨ।

4. ਦੋਵਾਂ ਧਿਰਾਂ ਨੇ ਭਾਰਤ-ਚੀਨ ਸਰਹੱਦ ਦੇ ਮਸਲੇ 'ਤੇ ਵਿਸ਼ੇਸ਼ ਪ੍ਰਤੀਨਿਧੀ ਵਿਧੀ ਦੁਆਰਾ ਗੱਲਬਾਤ ਅਤੇ ਸੰਵਾਦ ਜਾਰੀ ਰੱਖਣ ਉੱਤੇ ਸਹਿਮਤੀ ਪ੍ਰਗਟਾਈ। ਇਸ ਪ੍ਰਸੰਗ ਵਿਚ ਉਨ੍ਹਾਂ ਨੇ ਇਸ ਗੱਲ 'ਤੇ ਵੀ ਸਹਿਮਤੀ ਦਿੱਤੀ ਕਿ ਭਾਰਤ-ਚੀਨ ਸਰਹੱਦੀ ਮਾਮਲਿਆਂ ਬਾਰੇ ਸਲਾਹ ਅਤੇ ਤਾਲਮੇਲ ਕਾਰਜ ਪ੍ਰਣਾਲੀ (WMCC) ਨੂੰ ਵੀ ਆਪਣੀਆਂ ਬੈਠਕਾਂ ਜਾਰੀ ਰੱਖਣੀਆਂ ਚਾਹੀਦੀਆਂ ਹਨ।

5. ਦੋਨਾਂ ਮੰਤਰੀਆਂ ਨੇ ਸਹਿਮਤੀ ਦਿੱਤੀ ਕਿ ਜਿਉਂ ਹੀ ਹਾਲਾਤ ਸੁਧਰਦੇ ਹਨ, ਦੋਵਾਂ ਧਿਰਾਂ ਨੂੰ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਬਣਾਈ ਰੱਖਣ ਅਤੇ ਇਸਨੂੰ ਹੋਰ ਵਧਾਉਣ ਲਈ ਨਵੇਂ ਭਰੋਸਾ ਸਿਰਜਣ ਉਪਾਅ ਕਰਨ ਲਈ ਕੰਮ ਤੇਜ਼ ਕਰਨਾ ਚਾਹੀਦਾ ਹੈ।

ਮਾਸਕੋ
10 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.